# ਪੁਸਤਕ ਦੇ ਬਾਰੇ

ਸੰਸਾਰ ਦੇ ਪੁਰਾਤਨ ਧਰਮਾਂ ਵਿਚ ਜੈਨ ਧਰਮ ਦੀ ਆਪਣੀ ਵੱਖਰੀ ਪਹਿਚਾਣ ਹੈ। ਜੈਨ ਸਾਹਿਤ, ਸੰਸਕ੍ਰਿਤੀ, ਸਿਧਾਂਤ, ਦਰਸ਼ਨ, ਭਾਸ਼ਾ, ਇਤਿਹਾਸ ਅਤੇ ਮਾਨਤਾਵਾਂ ਇਸ ਨੂੰ ਨਵੇਕਲੀ ਪਹਿਚਾਣ ਦਿੰਦੀਆਂ ਹਨ। ਜੈਨ ਧਰਮ ਦੇ ਦੋ ਪ੍ਰਮੁੱਖ ਫਿਰਕੇ ਹਨ (1) ਸ਼ਵੇਤਾਂਵਰ (2) ਦਿਗੰਬਰ। ਸ਼ਵੇਤਾਂਵਰ ਫਿਰਕੇ ਦੇ ਤਿੰਨ ਪ੍ਰਮੁੱਖ ਫਿਰਕੇ ਹਨ : ਮੂਰਤੀ ਪੂਜਕ ਅਤੇ ਅਮੂਰਤੀ ਪੂਜਕ। ਅਮੂਰਤੀ ਪੂਜਕਾਂ ਦੇ ਦੋ ਭੇਦ ਹਨ : ਸਥਾਨਕ ਵਾਸੀ ਅਤੇ ਤੇਰਾਂਪੰਥੀ। ਸ਼ਵੇ ਤਾਂਵਰ ਜੈਨ ਮੂਰਤੀਪੂਜਕ ਵਿਚ ਅਨੇਕ ਗੱਛ ਹਨ। ਹਰ ਗੱਛ ਦਾ ਆਪਣਾ ਆਚਾਰਿਆ ਹੁੰਦਾ ਹੈ। ਇਨ੍ਹਾਂ ਗੱਛਾਂ ਵਿਚੋਂ ਪ੍ਰਮੁੱਖ ਅਤੇ ਪ੍ਰਾਚੀਨ ਗੱਛ "ਖਰਤਰ ਗੱਛ" ਹੈ। ਇਸ ਗੱਛ ਨੇ ਸਭ ਤੋਂ ਵੱਧ ਵਿਦਵਾਨ ਪੈਦਾ ਕੀਤੇ ਹਨ। ਪਦਮਜਿਨੇਸ਼ਵਰ ਸੂਰੀ ਕਦੋਂ ਅਤੇ ਕਿੱਥੇ ਹੋਏ, ਉਨ੍ਹਾਂ ਬਾਰੇ ਖਾਸ ਜਾਣਕਾਰੀ ਨਹੀਂ ਹੈ। 1920 ਵਿਚ ਉਪਦੇਸ਼ ਰਤਨ ਕੋਸ਼ ਨਾਂ ਦਾ ਗ੍ਰੰਥ ਪ੍ਰਕਾਸ਼ਿਤ ਹੋਇਆ। ਇਸ ਦਾ ਪਹਿਲਾ ਗੁਜਰਾਤੀ ਅਤੇ ਹਿੰਦੀ ਅਨੁਵਾਦ ਪ੍ਰਕਾਸ਼ਿਤ ਹੋਇਆ। ਇਸ ਗ੍ਰੰਥ ਵਿਚ ਜੀਵਨ ਉਪਯੋਗੀ ਉਪਦੇਸ਼ ਦਿੱਤੇ ਗਏ ਹਨ। ਇਸ ਸੰਖੇਪ ਗ੍ਰੰਥ ਦੀ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਭਾਸ਼ਾ ਹੈ। ਲੇਖਕ ਨੇ ਗਾਗਰ ਵਿਚ ਸਾਗਰ ਇਕ ਕਰ ਦਿੱਤਾ ਹੈ। ਜਾਪਦਾ ਹੈ ਕਿ ਲੇਖਕ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾ ਦੇ ਮਹਾਨ ਵਿਦਵਾਨ ਸਨ। ਪੰਜਾਬੀ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਅਸੀਂ ਪ੍ਰਕਾਸ਼ਿਤ ਕੀਤਾ ਹੈ। ਆਸ ਹੈ ਕਿ ਸੂਝਵਾਨ ਪਾਠਕ ਇਸ ਨੂੰ ਪਸੰਦ ਕਰਨਗੇ।

ਸ਼ੁਭਚਿੰਤਕ

31–03–05 ਪੁਰਸ਼ੋਤਮ ਜੈਨ

ਮਾਲੇਰਕੋਟਲਾ। ਰਵਿੰਦਰ ਜੈਨ